# ਨਗਰ ਨਿਗਮ ਜਲੰਧਰ

# ਨਗਰ ਨਿਗਮ ਹਾਊਸ ਦੀ ਮੀਟਿੰਗ

# ਮਿਤੀ **05.03.2019**

# ਦੀ ਕਾਰਵਾਈ

(ਮੱਦ ਨੰ: **1-2** )

## ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 5.03.2019 ਨੂੰ ਹੋਈ ਦੀ ਕਾਰਵਾਈ ।

ਮਿਤੀ 5.03.2019 ਨੂੰ ਨਗਰ ਨਿਗਮ ਹਾਊਸ ਦੀ ਬਜਟ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

| ਲੜੀ ਨੰ: | ਵਾਰਡ ਨੰ: | ਨਾਮ ਅਤੇ ਅਹੁੱਦਾ |
|---|---|---|
| 1. | 48 | ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ |
| 2. | 39 | ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ |
| 3. | 44 | ਸ਼੍ਰੀ ਹਰਸਿਮਰਨਜੀਤ, ਡਿਪਟੀ ਮੇਅਰ |
| 4. | 1 | ਸ਼੍ਰੀਮਤੀ ਤਮਨਰੀਤ ਕੌਰ, ਕੌਂਸਲਰ |
| 5. | 2 | ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ |
| 6. | 3 | ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ |
| 7. | 4 | ਸ਼੍ਰੀ ਪਰਮਜੀਤ ਸਿੰਘ, ਕੌਂਸਲਰ |
| 8. | 5 | ਸ਼੍ਰੀਮਤੀ ਬਲਜਿੰਦਰ ਕੌਰ, ਕੌਂਸਲਰ |
| 9. | 6 | ਸ਼੍ਰੀ ਨਿਰਮਲ ਸਿੰਘ, ਕੌਂਸਲਰ |
| 10. | 8 | ਸ਼੍ਰੀ.ਜੇ.ਪੀ.ਸ਼ਮਸ਼ੇਰ ਖਹਿਰਾ |
| 11. | 9 | ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ |
| 12. | 10 | ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ |
| 13. | 11 | ਸ਼੍ਰੀਮਤੀ ਪ੍ਰਵੀਨਾ, ਕੌਂਸਲਰ |
| 14. | 12 | ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ |
| 15. | 13 | ਸ਼੍ਰੀਮਤੀ ਬਿਮਲਾ ਰਾਣੀ, ਕੌਂਸਲਰ |
| 16. | 14 | ਸ਼੍ਰੀ ਮਨਜਿੰਦਰ ਸਿੰਘ, ਚੱਠਾ |
| 17. | 15 | ਸ਼੍ਰੀਮਤੀ ਡੌਲੀ, ਕੌਂਸਲਰ |
| 18. | 16 | ਸ਼੍ਰੀ ਮਨਮੋਹਣ ਸਿੰਘ, ਕੌਂਸਲਰ |
| 19. | 17 | ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ |
| 20. | 19 | ਸ਼੍ਰੀਮਤੀ ਊਮਾ ਬੇਰੀ, ਕੌਂਸਲਰ |
| 21. | 20 | ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ |
| 22. | 21 | ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ |
| 23. | 22 | ਸ਼੍ਰੀ ਪ੍ਰਭਦਿਆਲ, ਕੌਂਸਲਰ |
| 24. | 23 | ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ |
| 25. | 24 | ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ |
| 26. | 25 | ਸ਼੍ਰੀਮਤੀ ਸਰਬਜੀਤ ਕੌਰ, |
| 27. | 26 | ਸ਼੍ਰੀ ਰੋਹਨ ਸਹਿਗਲ, ਕੌਂਸਲਰ |
| 28. | 28 | ਸ਼੍ਰੀ ਬਲਰਾਜ ਠਾਕੁਰ, ਕੌਂਸਲਰ |
| 29. | 29 | ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ |
| 30. | 30 | ਸ਼੍ਰੀ ਪਵਨ ਕੁਮਾਰ, ਕੌਂਸਲਰ |
| 31. | 31 | ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ |
| 32. | 32 | ਸ਼੍ਰੀ ਸੁੱਚਾ ਸਿੰਘ, ਕੌਂਸਲਰ |
| 33. | 33 | ਸ਼੍ਰੀਮਤੀ ਕਮਲਾ ਰਾਣੀ, ਕੌਂਸਲਰ |
| 34. | 34 | ਸ਼੍ਰੀ ਤਰਸੇਮ ਸਿੰਘ, ਕੌਂਸਲਰ |
| 35. | 35 | ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ |
| 36. | 36 | ਸ਼੍ਰੀ ਬਚਨ ਲਾਲ, ਕੌਂਸਲਰ |
| 37. | 38 | ਸ਼੍ਰੀ ਓਮਕਾਰ ਰਾਜੀਵ, ਕੌਂਸਲਰ |
| 38. | 40 | ਸ਼੍ਰੀ ਵਰੇਸ਼ ਕੁਮਾਰ, ਕੌਂਸਲਰ |
| 39. | 41 | ਸ਼੍ਰੀਮਤੀ ਅਨੀਤਾ, ਕੌਂਸਲਰ |
| 40. | 42 | ਸ਼੍ਰੀਮਤੀ ਸੁਨੀਤਾ, ਕੌਂਸਲਰ |
| 41. | 45 | ਸ਼੍ਰੀਮਤੀ ਜ਼ਸਪਾਲ ਕੌਰ, ਕੌਂਸਲਰ |
| 42. | 46 | ਸ਼੍ਰੀਮਤੀ ਅਨੀਤਾ, ਕੌਂਸਲਰ |
| 43. | 47 | ਸ਼੍ਰੀਮਤੀ ਬਲਵਿੰਦਰ ਕੌਰ, ਕੌਂਸਲਰ |

| | | |
|---|---|---|
| 44. | 49 | ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ |
| 45. | 50 | ਸ਼੍ਰੀ ਪਰਮਜੋਤ ਸਿੰਘ, ਕੌਂਸਲਰ |
| 46. | 51 | ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ |
| 47. | 52 | ਸ਼੍ਰੀ ਵਿਪਨ ਕੁਮਾਰ ਚੱਡਾ, ਕੌਂਸਲਰ |
| 48. | 54 | ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ |
| 49. | 55 | ਸ਼੍ਰੀਮਤੀ ਵੰਦਨਾਂ, ਕੌਂਸਲਰ |
| 50. | 58 | ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ |
| 51. | 59 | ਸ਼੍ਰੀਮਤੀ ਰੀਨਾ ਕੌਰ, ਕੌਂਸਲਰ |
| 52. | 60 | ਸ਼੍ਰੀ ਅਵਤਾਰ ਸਿੰਘ, ਕੌਂਸਲਰ |
| 53. | 61 | ਸ਼੍ਰੀਮਤੀ ਰਿਸ਼ਮਾ ਖੋਸਲਾ, ਕੌਂਸਲਰ |
| 54. | 62 | ਸ਼੍ਰੀ ਦੀਪਕ ਸ਼ਾਰਦਾ, ਕੌਂਸਲਰ |
| 55. | 63 | ਸ਼੍ਰੀਮਤੀ ਜ਼ਸਵਿੰਦਰ ਕੌਰ, ਕੌਂਸਲਰ |
| 56. | 64 | ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ |
| 57. | 65 | ਸ਼੍ਰੀਮਤੀ ਅੰਜਲੀ, ਕੌਂਸਲਰ |
| 58. | 66 | ਸ਼੍ਰੀ ਦਵਿੰਦਰ ਸਿੰਘ, ਕੌਂਸਲਰ |
| 59. | 67 | ਸ਼੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ |
| 60. | 68 | ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ |
| 61. | 69 | ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ |
| 62. | 71 | ਸ਼੍ਰੀਮਤੀ ਸਤਿੰਦਰਜੀਤ ਕੌਰ, ਕੌਂਸਲਰ |
| 63. | 72 | ਸ਼੍ਰੀ ਮਿੰਟੂ, ਕੌਂਸਲਰ |
| 64. | 73 | ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ |
| 65. | 75 | ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ |
| 66. | 76 | ਸ਼੍ਰੀ ਲਖਵੀਰ ਸਿੰਘ, ਕੌਂਸਲਰ |
| 67. | 77 | ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ |
| 68. | 78 | ਸ਼੍ਰੀ ਜਗਦੀਸ਼ ਰਾਮ, ਕੌਂਸਲਰ |
| 69. | 79 | ਸ਼੍ਰੀਮਤੀ ਜਸਪਾਲ ਕੌਰ ਨਾਗਰਾ, ਕੌਂਸਲਰ |
| 70. | 80 | ਸ਼੍ਰੀ ਦੇਸ ਰਾਜ ਜੱਸਲ, ਕੌਂਸਲਰ |

ਕੁਲ ਹਾਜ਼ਰ ਮੈਂਬਰ: 70

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
05.03.2019

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸਮੂਹ ਮੈਂਬਰ ਸਾਹਿਬਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਨਗਰ ਨਿਗਮ, ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਮਿਸ਼ਨਰ, ਨਗਰ ਨਿਗਮ, ਜਲੰਧਰ ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਕੁੱਝ ਦੀਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਆਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ, ਜਿਹਨਾਂ ਵਿੱਚੋ :-

1. 14.02.2019 ਨੂੰ ਪੁਲਵਾਮਾ ਵਿਖੇ ਹੋਏ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਸੀ.ਆਰ.ਪੀ.ਐਫ. ਦੇ ਜਵਾਨਾਂ ਅਤੇ ਹੋਰ ਅੱਤਵਾਦੀ ਹਮਲਿਆਂ ਵਿੱਚ ਸ਼ਹੀਦ ਹੋਏ ਵੀਰ ਸੈਨਿਕ
2. ਸ਼੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਜੀ ਦੀ ਚਾਚੀ ਸ਼੍ਰੀਮਤੀ ਸੁਮਿਤਰਾ ਦੇਵੀ
3. ਸ਼੍ਰੀ ਗੋਪਾਲ ਮੀਆਂ, ਸਾਬਕਾ ਕੌਂਸਲਰ
4. ਸ਼੍ਰੀ ਕਮਲਜੀਤ ਸਿੰਘ ਗਾਂਧੀ, ਸਾਬਕਾ ਕੌਂਸਲਰ

ਉਹਨਾਂ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾਂ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।

ਇਸ ਉਪਰੰਤ ਮੇਅਰ ਜੀ ਨੇ ਦੀਵੰਗਤ ਆਤਮਾਵਾਂ ਪ੍ਰਤੀ ਖੜੇ ਹੋ ਕੇ ਦੋਂ ਮਿੰਟ ਦਾ ਮੋਨ ਧਾਰਨ ਲਈ ਕਿਹਾ ਅਤੇ ਸਮੂਹ ਮੈਂਬਰਾਂ ਨੇ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਿਆ ।

ਇਸ ਉਪਰੰਤ ਮੇਅਰ ਜੀ ਨੇ 15 ਮਿੰਟਾਂ ਲਈ ਮੀਟਿੰਗ ਨੂੰ ਮੁਲਤਵੀ ਕਰਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
05.03.2019

ਦੋਬਾਰਾ ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸਮੂਹ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਉਂ ਜ਼ੋ ਅੱਜ ਦੀ ਮੀਟਿੰਗ ਵਿਸ਼ੇਸ਼ ਤੋਰ ਤੇ ਬਜਟ ਪਾਸ ਕਰਨ ਲਈ ਬੁਲਾਈ ਗਈ ਹੈ ਇਸ ਲਈ ਪਹਿਲਾਂ ਬਜਟ ਬਾਰੇ ਜੇਕਰ ਕਿਸੇ ਮੈਂਬਰ ਨੇ ਕੋਈ ਇਤਰਾਜ/ਸੁਝਾਓ ਦੇਣੇ ਹਨ ਤਾਂ ਦਿੱਤੇ ਜਾਣ ਅਤੇ ਬਜਟ ਪਾਸ ਕਰਨ ਉਪਰੰਤ ਜੀਰੋ ਆਵਰ ਸ਼ੁਰੂ ਹੋਵੇਗਾ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੋਂਸਲਰ ਨੇ ਪਹਿਲਾਂ ਜ਼ੀਰੋ ਆਵਰ ਸ਼ੁਰੂ ਕਰਨ ਦੀ ਮੰਗ ਕੀਤੀ ਜਿਸ ਨਾਲ ਸ੍ਰੀ ਸੁਸ਼ੀਲ ਕੁਮਾਰ ਅਤੇ ਬਾਕੀ ਦੇ ਵਿਰੋਧੀ ਧਿਰ ਵੀ ਖੜੇ ਹੋ ਕੇ ਇਸ ਗੱਲ ਦੀ ਮੰਗ ਕਰਨ ਲੱਗ ਪਏ । ਦੂਜੇ ਪਾਸੇ ਸੱਤਾ ਧਿਰ ਦੇ ਮੈਂਬਰਾਂ ਨੇ ਪਹਿਲਾਂ ਬਜਟ ਪਾਸ ਕਰਨ ਦੀ ਮੰਗ ਕੀਤੀ ਅਤੇ ਇਸੇ ਦੌਰਾਨ ਰੋਲਾ ਰੱਪਾ ਸ਼ੁਰੂ ਹੋ ਗਿਆ । ਮੇਅਰ ਜੀ ਨੇ ਵਿਰੋਧੀ ਧਿਰ ਨੂੰ ਮੁੜ ਹਦਾਇਤ ਕੀਤੀ ਕਿ ਇੰਝ ਮਾਹੋਲ ਖ਼ਰਾਬ ਨਾ ਕੀਤਾ ਜਾਵੇ । ਉਹਨਾਂ ਵਿਰੋਧੀ ਧਿਰ ਨੂੰ ਕਿਹਾ ਕਿ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਬਜਟ ਤੋਂ ਬਾਅਦ ਜ਼ੀਰੋ ਆਵਰ ਜ਼ਰੂਰ ਹੋਵੇਗਾ ਪਰ ਪਹਿਲਾਂ ਬਜਟ ਪਾਸ ਕੀਤਾ ਜਾਵੇਗਾ । ਜੇਕਰ ਤੁਸੀਂ ਇੰਝ ਰੋਲਾ ਰੱਪਾ ਪਾ ਕੇ ਜ਼ੋ ਪਿਛਲੇ 10 ਸਾਲਾਂ ਵਿੱਚ ਰਵਾਇਤ ਪਾਈ ਹੋਈ ਹੈ, ਮੈਂ ਨਹੀਂ ਚਾਹੁੰਦਾ ਕਿ ਉਹੀ ਰਵਾਇਤ ਕਾਇਮ ਰਹੇ । ਪਰ ਮੇਅਰ ਜੀ ਦੀਆਂ ਹਦਾਇਤਾਂ ਨੂੰ ਨਾ ਮੰਨਦੇ ਹੋਏ ਸਦਨ ਵਿੱਚ ਰੋਲਾ ਰੱਪਾ ਪੈਂਦਾ ਰਿਹਾ। ਇਸੇ ਦੌਰਾਨ ਸ੍ਰੀਮਤੀ ਸ਼ੈਲੀ ਖੰਨਾ, ਕੋਂਸਲਰ, ਸ੍ਰੀ ਪਰਮਜੀਤ ਸਿੰਘ ਰੇਰੂ, ਸ੍ਰੀ ਸੁਸ਼ੀਲ ਕੁਮਾਰ, ਕੋਂਸਲਰਾਂ ਨੇ ਸਦਨ ਵਿੱਚ ਕਾਲੀਆਂ ਝੰਡੀਆਂ ਲਹਿਰਾਉਣੀਆਂ ਸ਼ੁਰੂ ਕਰ ਦਿੱਤੀਆਂ । ਉਹਨਾਂ ਕਿਹਾ ਕਿ ਨਗਰ ਨਿਗਮ ਜਲੰਧਰ ਵਲੋਂ ਜਦ ਕਦੇ ਵੀ ਵੱਖ ਵੱਖ ਵਾਰਡਾਂ ਦੇ ਵਿਕਾਸ ਦੇ ਕੰਮਾਂ ਭਾਵੇਂ ਉਹ ਨਗਰ ਨਿਗਮ ਫੰਡਾਂ ਰਾਹੀਂ ਹੋਣੇ ਹੋਣ ਜਾਂ ਐਮ.ਐਲ.ਏ./ਐਮ.ਪੀ. ਗ੍ਰਾਂਟਾਂ ਦੇ ਹੋਣ, ਉਹਨਾਂ ਦੇ ਸ਼ਿਲਾਨਿਆਸ ਵੇਲੇ ਸਬੰਧਤ ਕੋਂਸਲਰ ਦਾ ਨਾਂ ਲਿਖਿਆ ਜਾਂਦਾ ਹੈ । ਪਰ ਸਮੂਹ ਅਕਾਲੀ-ਭਾਜਪਾ ਕੋਂਸਲਰਾਂ ਦੇ ਵਾਰਡਾਂ ਦੇ ਉਦਘਾਟਨਾਂ ਸਮੇਂ ਚੁੰਣੇ ਹੋਏ ਕੋਂਸਲਰਾਂ ਦੇ ਨਾਂ ਨਹੀਂ ਲਿਖੇ ਜਾਂਦੇ ਜਿਸ ਕਾਰਣ ਵਾਰਡ ਦੇ ਲੋਕ ਜਿਨਾਂ ਨੇ ਕੋਂਸਲਰ ਨੂੰ ਚੁੰਣਿਆ ਹੁੰਦਾ ਹੈ, ਵਿੱਚ ਰੋਸ਼ ਪ੍ਰਗਟ ਹੁੰਦਾ ਹੈ ।ਉਹਨਾਂ ਇਹ ਵੀ ਕਿਹਾ ਕਿ ਅਜਿਹੇ ਸ਼ਿਲਾਨਿਆਸ ਵੇਲੇ ਹਾਰੇ ਹੋਏ ਲੋਕਾਂ ਦਾ ਨਾਂ ਲਿਖਿਆ ਜਾਂਦਾ ਹੈ ਜਦ ਕਿ ਚੁੰਣੇ ਹੋਏ ਨੁਮਾਇੰਦੇ ਦਾ ਨਾਂ ਲਿਖਣਾ ਬਣਦਾ ਹੈ ।

ਸ੍ਰੀ ਦਵਿੰਦਰ ਸਿੰਘ ਰੋਨੀ, ਕੋਂਸਲਰ ਵਲੋਂ ਮੇਅਰ ਜੀ ਦੀ ਮੇਜ਼ ਦੇ ਅੱਗੇ ਆ ਕੇ ਹੱਥ ਵਿੱਚ ਇੱਕ ਪੋਸਟਰ ਲਹਿਰਾਉਣਾਂ ਸ਼ੁਰੂ ਕਰ ਦਿੱਤਾ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਤਾਕੀਦ ਕੀਤੀ ਕਿ ਇੰਝ ਹਾਊਸ ਦਾ ਮਾਹੋਲ ਖ਼ਰਾਬ ਨਾ ਕੀਤਾ ਜਾਵੇ ਅਤੇ ਆਪਣੀ ਆਪਣੀ ਸੀਟਾਂ ਤੇ ਬੈਠਿਆ ਜਾਵੇ । ਪਰ ਉਹਨਾਂ ਦੀ ਤਾਕੀਦ ਦੇ ਬਾਵਜੂਦ ਵੀ ਰੋਲਾ-ਰੱਪਾ ਜਾਰੀ ਰਿਹਾ ਜਿਸ ਤੇ ਮੇਅਰ ਜੀ ਨੇ ਅਜੰਡਾ ਪੜਣ ਦੇ ਹੁਕਮ ਕੀਤੇ ।

ਇਸ ਉਪਰੰਤ ਰੈਗੁਲਰ ਅਜੰਡਾ ਪੜਿਆ ਗਿਆ ।

ਸਹੀ/- ਜਗਦੀਸ਼ ਰਾਜ ਰਾਜਾ, ਮੇਅਰ
05.03.2019

# ਨਗਰ ਨਿਗਮ ਹਾਊਸ ਦੀ ਮੀਟਿੰਗ ਮਿਤੀ 5.3.2019 ਨੂੰ ਹੋਈ ਦੀ ਕਾਰਵਾਈ

| ਮਤਾ ਨੰ: | ਵਿਸ਼ਾ: | ਫੈਸਲਾ/ ਪ੍ਰਵਾਨਗੀ | ਟਿੱਪਣੀ |
|---|---|---|---|
| 1 / 5.03.2019 | ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 18.10.2018 ਦੀ ਕਾਰਵਾਈ ਬਾਰੇ।<br><br>ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 18.10.2018 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ । | ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ ।<br>ਸਹੀ/- ਜਗਦੀਸ਼ ਰਾਜ ਰਾਜਾ,<br>ਮੇਅਰ<br>05.03.2019 | ਮਤਾ ਨਿਯਮਾਂ ਅਨੁਸਾਰ ਹੈ । |
| 2 / 5.03.2019 | ਨਗਰ ਨਿਗਮ, ਜਲੰਧਰ ਦੇ ਸਾਲ 2018-19 ਦੇ ਸੋਧੇ ਬਜਟ ਤਖ਼ਮੀਨੇ ਅਤੇ ਸਾਲ 2019-20 ਦੇ ਬਜਟ ਤਖਮੀਨੇ ਪਾਸ ਕਰਨ ਬਾਰੇ।<br><br>ਪੜ੍ਹਿਆ ਨੋਟ ਲੇਖਾ ਸ਼ਾਖਾ ਜਿਸ ਨਾਲ ਉਪ ਸੰਚਾਲਕ (ਵਿੱਤ ਅਤੇ ਲੇਖਾ) ਮਿਤੀ 28.2.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਦੇ ਸਾਲ 2018-19 ਦੇ ਸੋਧੇ ਤਖ਼ਮੀਨੇ ਅਤੇ ਬਜਟ ਤਖ਼ਮੀਨੇ ਵਿੱਤੀ ਸਾਲ 2019-20 ਤਿਆਰ ਕੀਤੇ ਗਏ ਹਨ ਜਿਸ ਦੀ ਕਾਪੀ ਨਾਲ ਨੱਥੀ ਹੈ। ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 86(1) ਅਤੇ 87(2) ਤਹਿਤ ਬਜਟ ਤਖ਼ਮੀਨਿਆਂ ਦੀ ਨਗਰ ਨਿਗਮ ਹਾਊਸ ਪਾਸੋਂ ਮੰਜ਼ੂਰੀ ਲੋੜੀਂਦੀ ਹੈ।ਨਗਰ ਨਿਗਮ ਦੀ ਪ੍ਰਵਾਨਗੀ ਉਪਰੰਤ ਇਹ ਬਜਟ ਤਖ਼ਮੀਨੇ ਸਰਕਾਰ ਦੀ ਮੰਜ਼ੂਰੀ ਲਈ ਭੇਜੇ ਜਾਣਗੇ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ 28.2.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।<br>ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 1.3.2019 ਰਾਹੀਂ ਬਜਟ ਅਨੁਮਾਨ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਹਿੱਤ ਪੇਸ਼ ਹੈ । | ਬਹੁਮਤ ਨਾਲ ਪ੍ਰਵਾਨ ਹੈ।<br>ਸਹੀ/- ਜਗਦੀਸ਼ ਰਾਜ ਰਾਜਾ,<br>ਮੇਅਰ<br>05.03.2019 | ਸਰਕਾਰ ਦੀ ਪ੍ਰਵਾਨਗੀ ਲੋੜੀਂਦੀ ਹੈ । |

ਫੈਸਲਾ ਮਤਾ ਨੰ: 1 ਤੋਂ 2
ਸਹੀ/-
ਜ਼ਗਦੀਸ਼ ਰਾਜ ਰਾਜਾ, ਮੇਅਰ
5.3.2019

ਟਿੱਪਣੀ ਮਤਾ ਨੰ: 1 ਤੋਂ 2
ਸਹੀ/-
ਦਿਪਰਵਾ ਲਾਕਰਾ, ਆਈ.ਏ.ਐਸ.
ਕਮਿਸ਼ਨਰ,
ਨਗਰ ਨਿਗਮ ਜਲੰਧਰ